ਵਿਸ਼ਾ:- ਮਾਨਯੋਗ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 01-09-2017 ਨੂੰ ਪੂਰਵ ਦੁਪਹਿਰ 11.00 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 22ਵੀਂ ਮੀਟਿੰਗ ਦੀ ਕਾਰਵਾਈ।

ਉਪਰੋਕਤ ਵਿਸ਼ੇ ਸਬੰਧੀ ਮਾਨਯੋਗ ਮੁੱਖ ਮੰਤਰੀ, ਪੰਜਾਬ -ਕਮ-ਚੇਅਰਮੈਨ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਮਿਤੀ 01-09-2017 ਨੂੰ ਪੂਰਵ ਦੁਪਹਿਰ 11.00 ਵਜੇ ਹੋਈ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ (ਗਮਾਡਾ) ਦੀ 22ਵੀਂ ਮੀਟਿੰਗ ਹੋਈ, ਜਿਸ ਵਿਚ ਹੇਠ ਲਿਖੇ ਮੈਂਬਰਾਂ ਨੇ ਭਾਗ ਲਿਆ:-

1. ਸ਼੍ਰੀ ਕਰਨ ਅਵਤਾਰ ਸਿੰਘ, ਆਈ.ਏ.ਐਸ.
   ਮੁੱਖ ਸਕੱਤਰ, ਪੰਜਾਬ ਸਰਕਾਰ।

2. ਸ਼੍ਰੀ ਸਤੀਸ਼ ਚੰਦਰਾ, ਆਈ.ਏ.ਐਸ.
   ਵਧੀਕ ਮੁੱਖ ਸਕੱਤਰ, ਪੰਜਾਬ
   ਸਥਾਨਕ ਸਰਕਾਰ ਵਿਭਾਗ, ਪੰਜਾਬ।

3. ਸ੍ਰੀਮਤੀ ਵਿਨੀ ਮਹਾਜਨ, ਆਈ.ਏ.ਐਸ.
   ਵਧੀਕ ਮੁੱਖ ਸਕੱਤਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ,
   ਪੰਜਾਬ

4. ਸ਼੍ਰੀ ਤੇਜਵੀਰ ਸਿੰਘ, ਆਈ.ਏ.ਐਸ.
   ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ।

5. ਸ਼੍ਰੀ ਰਜਤ ਅਗਰਵਾਲ, ਆਈ.ਏ.ਐਸ.
   ਸਪੈਸ਼ਲ ਸਕੱਤਰ, ਵਿੱਤ
   ਨੁਮਾਇੰਦਾ ਪ੍ਰਮੁੱਖ ਸਕੱਤਰ, ਵਿੱਤ

6. ਸ਼੍ਰੀ ਰਵੀ ਭਗਤ, ਆਈ.ਏ.ਐਸ.
   ਮੁੱਖ ਪ੍ਰਸ਼ਾਸ਼ਕ, ਗਮਾਡਾ, ਐਸ.ਏ.ਐਸ. ਨਗਰ।

7. ਸ਼੍ਰੀ ਹਰਨੇਕ ਸਿੰਘ ਢਿਲੋਂ,
   ਮੁੱਖ ਨਗਰ ਯੋਜਨਾਕਾਰ, ਪੰਜਾਬ।

Scanned by TapScanner

ਉਪਰੋਕਤ ਤੋਂ ਇਲਾਵਾ ਹੇਠ ਲਿਖੇ ਅਧਿਕਾਰੀ ਵੀ ਮੀਟਿੰਗ ਵਿਚ ਸ਼ਾਮਿਲ ਹੋਏ

1. ਸ਼੍ਰੀ ਸੰਦੀਪ ਹੰਸ, ਆਈ.ਏ.ਐਸ
   ਵਧੀਕ ਮੁੱਖ ਪ੍ਰਸ਼ਾਸ਼ਕ, ਗਮਾਡਾ, ਐਸ.ਏ.ਐਸ. ਨਗਰ।

2. ਸ਼੍ਰੀ ਅਕਾਸ਼ ਗੋਇਲ,
   ਵਧੀਕ ਮੁੱਖ ਪ੍ਰਸ਼ਾਸ਼ਕ ( ਵਿ ਤੇ ਲੇ), ਗਮਾਡਾ, ਐਸ.ਏ.ਐਸ. ਨਗਰ।

ਮੱਦ ਨੰ: 22.01

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 21ਵੀਂ ਮੀਟਿੰਗ ਜੋ ਮਿਤੀ 09-11-2016 ਨੂੰ ਹੋਈ ਸੀ, ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ।**

ਵਿਚਾਰ ਵਟਾਂਦਰੇ ਉਪਰੰਤ ਸਰਵ ਸਮੰਤੀ ਨਾਲ ਜਾਰੀ ਕੀਤੀ ਕਾਰਵਾਈ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 22.02

**ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਟੀ ਦੀ 21ਵੀ. ਮੀਟਿੰਗ ਜੋ ਮਿਤੀ 09-11-2016 ਨੂੰ ਹੋਈ ਸੀ, ਵਿਚ ਲਏ ਗਏ ਫੈਸਲਿਆਂ ਤੇ ਕੀਤੀ ਗਈ ਕਾਰਵਾਈ ਦਾ ਮੱਦ-ਵਾਰ ਵਿਵਰਣ।**

ਫੈਸਲਿਆਂ ਤੇ ਕੀਤੀ ਕਾਰਵਾਈ ਨੂੰ ਮੈਂਬਰਾਂ ਵੱਲੋਂ ਨੋਟ ਕੀਤਾ ਗਿਆ ਅਤੇ ਤਸੱਲੀ ਪ੍ਰਗਟ ਕੀਤੀ ਗਈ।

ਮੱਦ ਨੰ: 22.03

**ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਜੋ ਮਿਤੀ 07-06-2017 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਦੀ ਰੈਟੀਫਿਕੇਸ਼ਨ ਬਾਰੇ।**

ਗਮਾਡਾ ਦੀ ਕਾਰਜਕਾਰੀ ਕਮੇਟੀ ਦੀ 19ਵੀਂ ਮੀਟਿੰਗ ਜੋ ਕਿ ਮਿਤੀ 07-06-2017 ਨੂੰ ਹੋਈ, ਵਿਚ ਲਏ ਗਏ ਫੈਸਲਿਆਂ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 22.04

**ਪੂਰਵ ਪ੍ਰੀਮੀਅਮ ਅਪਾਰਟਮੈਂਟ, ਸੈਕਟਰ 88, ਐਸ.ਏ.ਐਸ. ਨਗਰ ਸਕੀਮ ਦੀ ਸਰਤ ਨੰ: 2.3 (ii) ਦੀ ਕਾਰਜ ਬਾਅਦ ਪ੍ਰਵਾਨਗੀ ਸਬੰਧੀ ਅਜੰਡਾ।**

ਮੱਦ ਵਿਚਾਰਨ ਉਪਰੰਤ ਇਸਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 22.05

**ਪੂਰਵ ਪ੍ਰੀਮੀਅਮ ਅਪਾਰਟਮੈਂਟਸ, ਸੈਕਟਰ 88, ਐਸ.ਏ.ਐਸ. ਨਗਰ ਦੇ ਮੌਜੂਦਾ ਅਲਾਟੀਆਂ ਨੂੰ ਗਰਾਉਂਡ ਫਲੋਰ ਅਤੇ ਫਸਟ ਫਲੋਰ ਵਿਚ ਖਾਲੀ ਪਏ ਫਲੈਟਾਂ ਨੂੰ ਤਬਦੀਲ ਕਰਨ ਬਾਰੇ ਪਾਲਿਸੀ ਬਣਾਉਣ ਸਬੰਧੀ।**

ਮੱਦ ਵਿਚ ਦਿੱਤੀ ਗਈ ਤਜਵੀਜ ਵਿਚਾਰਨ ਉਪਰੰਤ ਪ੍ਰਵਾਨ ਕੀਤੀ ਗਈ।

Scanned by TapScanner

ਮੱਦ ਨੰ: 22.06
ਆਈ.ਟੀ. ਸਿਟੀ, ਐਸ.ਏ.ਐਸ. ਨਗਰ ਵਿਚੇ ਗੁਰਦੁਆਰਾ ਸਾਹਿਬ ਲਈ ਈਅਰ ਮਾਰਕ ਕੀਤੀ ਗਈ ਸਾਈਟ ਦੀ ਅਲਾਟਮੈਂਟ ਕਰਨ ਬਾਰੇ।
ਇਸ ਮੱਦ ਤੇ ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਦੀ ਪੁਸ਼ਟੀ ਕੀਤੀ ਗਈ।

ਮੱਦ ਨੰ: 22.07
ਪੰਜਾਬ ਲੈਜੀਸਲੇਟਰਜ਼ ਕੋਆਪਰੇਟਿਵ ਹਾਉਸ ਬਿਲਡਿੰਗ ਸੋਸਾਇਟੀ ਲਿਮ: ਨੂੰ ਬਹੁ ਮੰਜਿਲੇ ਫਲੈਟਾਂ ਦੀ ਉਸਾਰੀ ਲਈ ਈਕੋਸਿਟੀ ਫੇਜ਼-2 (ਐਕਸਟੈਂਸ਼ਨ ) ਵਿਖੇ 2.50 ਏਕੜ ਦੀ ਸਾਈਟ ਅਲਾਟ ਕਰਨ ਸਬੰਧੀ।
ਸਾਰਾ ਮਾਮਲਾ ਵਿਚਾਰਨ ਉਪਰੰਤ ਅਥਾਰਟੀ ਵੱਲੋਂ ਇਸਦੀ ਕਾਰਜਬਾਅਦ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 22.08
ਪਿੰਡ ਧੂੰਮਾਂ ਤਹਿਸੀਲ ਰਾਜਪੁਰਾ ਜਿਲਾ ਪਟਿਆਲਾ ਵਿਖੇ ਸਕਿਲ ਡਿਵੈਲਪਮੈਂਟ ਸੈਂਟਰ ਦੀ ਉਸਾਰੀ ਲਈ 19.08 ਲੱਖ ਰੁਪਏ ਦੇ ਫੰਡਜ਼ ਜਾਰੀ ਕਰਨ ਬਾਰੇ।
ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅਥਾਰਟੀ ਵੱਲੋਂ ਪ੍ਰਵਾਨ ਕੀਤਾ ਗਿਆ।

ਮੱਦ ਨੰ: 22.09
ਗਮਾਡਾ ਦੀ ਮੌਜੂਦਾ ਵਿੱਤੀ ਸਥਿਤੀ/ਕਰਜਿਆਂ ਦੀ ਅਦਾਇਗੀ ਬਾਰੇ।
ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅਥਾਰਟੀ ਵੱਲੋਂ ਪ੍ਰਵਾਨ ਕੀਤਾ ਗਿਆ।

ਮੱਦ ਨੰ: 22.10
ਆਈ.ਟੀ. ਸਿਟੀ, ਐਸ.ਏ.ਐਸ. ਨਗਰ ਵਿਖੇ 750 ਰਿਹਾਇਸ਼ੀ ਪਲਾਟਾਂ ਦੀ ਸਕੀਮ ਵਿਚ ਬਿਨੈਕਾਰਾਂ ਤੋਂ ਦਸਤਾਵੇਜ ਪ੍ਰਾਪਤ ਕਰਨ ਸਬੰਧੀ।
ਇਸ ਮੱਦ ਸਬੰਧੀ ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅਥਾਰਟੀ ਵੱਲੋਂ ਰੈਟੀਫਾਈ ਕੀਤਾ ਗਿਆ।

ਮੱਦ ਨੰ: 22.11
**Approval of Annual Statements for the year ending 31-03-16**
ਕਾਰਜਕਾਰੀ ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅਥਾਰਟੀ ਵੱਲੋਂ ਰੈਟੀਫਾਈ ਕੀਤਾ ਗਿਆ।

ਮੱਦ ਨੰ: 22.12
**The revised Budget Estimates for the year 2016-17 and Budget Estimates for the year 2017-18**
ਸਾਲ 2016-17 ਰੀਵਾਈਜਡ ਬਜਟ ਐਸਟੀਮੇਟ ਅਤੇ 2017-18 ਦਾ ਬਜਟ ਐਸਟੀਮੇਟ ਅਥਾਰਟੀ ਵੱਲੋਂ ਪ੍ਰਵਾਨ ਕੀਤਾ ਗਿਆ।

Scanned by TapScanner

ਮੱਦ ਨੰ: 22.13
ਗਮਾਡਾ ਰਕਬੇ ਵਿਚ ਪਾਣੀ ਅਤੇ ਸੀਵਰੇਜ ਦੇ ਵਸੂਲੇ ਜਾਂਦੇ ਰੇਟਾਂ ਸਬੰਧੀ।
ਵਿੱਤ ਅਤੇ ਲੇਖਾ ਕਮੇਟੀ ਵੱਲੋਂ ਲਏ ਗਏ ਫੈਸਲੇ ਨੂੰ ਅਥਾਰਟੀ ਵੱਲੋਂ ਰੈਟੀਫਾਈ ਕੀਤਾ ਗਿਆ।

ਮੱਦ ਨੰ: 22.14
ਐਸ.ਏ.ਐਸ. ਨਗਰ, ਫੇਜ਼-11 ਵਿਚ ਗੈਰ ਦੰਗਾਂ ਪੀੜਤਾਂ ਵੱਲੋਂ ਅਣ ਅਧਿਕਾਰਤ ਕਬਜਿਆਂ ਤੋਂ ਮਕਾਨ ਖਾਲੀ ਕਰਵਾਉਣ ਉਪਰੰਤ ਯੋਗ ਦੰਗਾਂ ਪੀੜਤਾਂ ਨੂੰ ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਲਈ ਕੀਮਤ ਦਾ ਫੈਸਲਾ ਕਰਨ ਸਬੰਧੀ।
ਇਹ ਮੱਦ ਵਿਦਡਰਾਅ ਕੀਤੀ ਗਈ।

ਮੱਦ ਨੰ: 22.15
ਮੋਹਾਲੀ ਵਿਖੇ **World Class Technology University** ਸਥਾਪਿਤ ਕਰਨ ਸਬੰਧੀ।
ਇਸ ਮੱਦ ਤੇ ਵਿਸਥਾਰ ਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਵਟਾਂਦਰੇ ਉਪਰੰਤ ਅਥਾਰਟੀ ਵੱਲੋਂ ਤਜਵੀਜ ਅਨੁਸਾਰ ਪ੍ਰਵਾਨਗੀ ਦਿੱਤੀ ਗਈ।

ਮੱਦ ਨੰ: 22.16
ਐਸ.ਏ.ਐਸ. ਨਗਰ, ਫੇਜ਼-11 ਵਿਚ ਗੈਰ ਦੰਗਾਂ ਪੀੜਤਾਂ ਵੱਲੋਂ ਅਣ ਅਧਿਕਾਰਤ ਕਬਜਿਆਂ ਤੋਂ ਮਕਾਨ ਖਾਲੀ ਕਰਵਾਉਣ ਉਪਰੰਤ ਯੋਗ ਦੰਗਾਂ ਪੀੜਤਾਂ ਨੂੰ ਇਨ੍ਹਾਂ ਮਕਾਨਾਂ ਦੀ ਅਲਾਟਮੈਂਟ ਲਈ ਕੀਮਤ ਦਾ ਫੈਸਲਾ ਕਰਨ ਸਬੰਧੀ।
ਅਜੰਡੇ ਵਿਚ ਦਿੱਤੀ ਗਈ ਤਜਵੀਜ ਪ੍ਰਵਾਨ ਕੀਤੀ ਗਈ।

ਮੀਟਿੰਗ ਧੰਨਵਾਦ ਸਹਿਤ ਸਮਾਪਤ ਹੋਈ ।

Scanned by TapScanner